U.S. ਨਿਆਂ ਵਿਭਾਗ ਕਮਿਉਨਿਟੀ ਰਿਲੇਸ਼ਨਸ ਸਰਵਿਸ

# ਸੁਵਿਧਾਜਨਕ ਮੀਟਿੰਗਾਂ ਰਾਹੀਂ ਭਾਈਚਾਰਕ ਤਣਾਅ ਨੂੰ ਘੱਟ ਕਰਨਾ

U.S. ਨਿਆਂ ਵਿਭਾਗ ਕਮਿਉਨਿਟੀ ਰਿਲੇਸ਼ਨਜ਼ ਸਰਵਿਸ (CRS) ਦੀ ਭਾਈਚਾਰਕ ਟਕਰਾਅ ਬਾਰੇ ਸੁਵਿਧਾਜਨਕ ਮੀਟਿੰਗਾਂ ਇੱਕ-ਦਿਨਾ ਸਿਖਲਾਈ ਪ੍ਰੋਗਰਾਮ ਹੈ ਜਿਸਨੂੰ ਭਾਈਚਾਰੇ ਦੇ ਲੀਡਰਾਂ ਨੂੰ ਭਾਗੀਦਾਰਾਂ ਵਿਚਕਾਰ ਟਕਰਾਅ ਦਾ ਪ੍ਰਬੰਧਨ ਕਰਨ ਬਾਰੇ ਸਿੱਖਿਅਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਪ੍ਰੋਗਰਾਮ ਭਾਈਚਾਰੇ ਦੇ ਲੀਡਰਾਂ ਨੂੰ ਉਹ ਮੁੱਢਲੇ ਸਾਧਨ ਮੁਹੱਈਆ ਕਰਾਉਂਦਾ ਹੈ ਜੋ ਉਹਨਾਂ ਦੇ ਭਾਈਚਾਰਿਆਂ ਵਿਚਲੇ ਝਗੜਿਆਂ ਨੂੰ ਹੱਲ ਕਰਨ ਅਤੇ ਜਵਾਬ ਦੇਣ ਲਈ ਸਫਲ ਰੂਪ ਵਿੱਚ ਮੀਟਿੰਗਾਂ ਕਰਵਾਉਣ ਲਈ ਲੋੜੀਦੇ ਹਨ। ਸਿਖਲਾਈ ਪ੍ਰੋਗਰਾਮ ਭਾਗੀਦਾਰਾਂ ਨੂੰ ਸੰਵਾਦ ਨੂੰ ਸਫਲ ਰੂਪ ਵਿੱਚ ਕਰਵਾਉਣ ਅਤੇ ਆਪਣੇ ਭਾਈਚਾਰੇ ਵਿੱਚ ਉਸਾਰੂ ਤਬਦੀਲੀ ਨੂੰ ਉਤਸ਼ਾਹਤ ਕਰਨ ਲਈ ਲੋੜੀਂਦੇ ਹੁਨਰਾਂ ਦਾ ਅਭਿਆਸ ਕਰਨ ਵਿੱਚ ਮਦਦ ਕਰਨ ਲਈ ਹੁਨਰਾਂ ਦਾ ਨਿਰਮਾਣ ਕਰਨ ਵਾਲੀਆਂ ਕਸਰਤਾਂ ਅਤੇ ਘਟਨਾ-ਦ੍ਰਿਸ਼ਾਂ ਦੀ ਵਰਤੋਂ ਕਰਦਾ ਹੈ।

## ਭਾਈਚਾਰਕ ਟਕਰਾਅ ਬਾਰੇ ਸੁਵਿਧਾਜਨਕ ਮੀਟਿੰਗਾਂ ਦੇ ਪ੍ਰੋਗਰਾਮ ਬਾਰੇ ਭਾਈਚਾਰਿਆਂ ਨੂੰ ਕਿਉਂ ਸੋਚਣਾ ਚਾਹੀਦਾ ਹੈ?

ਇਹ ਸਿਖਲਾਈ ਪ੍ਰੋਗਰਾਮ ਭਾਈਚਾਰਕ ਲੀਡਰਾਂ ਨੂੰ ਉਹ ਮੀਟਿੰਗਾਂ ਕਰਵਾਉਣ ਲਈ ਤਿਆਰ ਕਰਨ ਲਈ ਬਣਾਇਆ ਗਿਆ ਹੈ ਜੋ ਆਪਣੇ ਭਾਈਚਾਰਿਆਂ ਵਿੱਚ ਟਕਰਾਅ ਨੂੰ ਸੰਬੋਧਿਤ ਅਤੇ ਹੱਲ ਕਰਦੀਆਂ ਹਨ।

## ਪ੍ਰੋਗਰਾਮ ਦੇ ਉਦੇਸ਼

ਭਾਈਚਾਰਕ ਟਕਰਾਅ ਅਤੇ ਤਣਾਅ ਸੰਬੰਧੀ ਮੀਟਿੰਗਾਂ ਲਈ ਭਾਈਚਾਰੇ ਦੇ ਲੀਡਰਾਂ ਨੂੰ ਤਿਆਰ ਕਰਨ, ਸਹੂਲਤ ਦੇਣ ਅਤੇ ਮੀਟਿੰਗਾਂ ਤੋਂ ਬਾਅਦ ਫਾਲੋ-ਅੱਪ ਕਰਨ ਲਈ **ਸਿਖਲਾਈ ਦੇਣਾ।**

ਵਿਵਾਦ ਦੇ ਨਿਪਟਾਰੇ ਦੇ ਮੂਲ ਸਿਧਾਂਤਾਂ ਨੂੰ ਸਮਝਣ ਲਈ ਲੀਡਰਾਂ ਨੂੰ **ਸਿੱਖਿਅਤ ਕਰਨਾ।**

ਮੁਟਿੰਗਾਂ ਨੂੰ ਸਫਲਤਾਪੂਰਵਕ ਤਰੀਕੇ ਨਾਲ ਕਰਵਾਉਣ ਲਈ ਲੋੜੀਂਦੇ ਹੁਨਰਾਂ ਦਾ **ਅਭਿਆਸ** ਕਰਨਾ ਜਿਹਨਾਂ ਨਾਲ ਗਰੁੱਪਾਂ ਨੂੰ ਟਕਰਾਅ ਦਾ ਹੱਲ ਕਰਨ ਵਿੱਚ ਮਦਦ ਮਿਲਦੀ ਹੋਵੇ।

## ਪ੍ਰੋਗਰਾਮ ਦੀ ਸੰਖੇਪ ਜਾਣਕਾਰੀ



**ਭਾਈਚਾਰਕ ਟਕਰਾਅ ਬਾਰੇ ਸੁਵਿਧਾਜਨਕ ਮੀਟਿੰਗਾਂ** ਪ੍ਰੋਗਰਾਮ ਭਾਈਚਾਰੇ ਦੇ ਲੀਡਰਾਂ ਨੂੰ ਸੁਵਿਧਾਜਨਕ ਮੀਟਿੰਗਾਂ ਦੇ ਬੁਨਿਆਦੀ ਸਿਧਾਂਤਾਂ ਬਾਰੇ ਸਿੱਖਿਅਤ ਕਰਦਾ ਹੈ ਜਿੱਥੇ ਭਾਈਚਾਰਕ ਤਣਾਅ ਲਈ ਮੁਸ਼ਕਲ ਗੱਲਬਾਤ ਦੀ ਲੋੜ ਹੁੰਦੀ ਹੈ। ਇਸ ਸਿਖਲਾਈ ਨੂੰ ਤਿਆਰ ਕੀਤਾ ਗਿਆ ਹੈ:

- ਮੀਟਿੰਗ ਸਹਾਇਕ ਵਜੋਂ ਭਾਈਚਾਰੇ ਦੇ ਲੀਡਰਾਂ ਦੀ ਪ੍ਰਭਾਵਸ਼ੀਲਤਾ **ਵਧਾਉਣਾ।**
- ਭਾਈਚਾਰੇ ਦੇ ਮੈਂਬਰਾਂ ਦੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਭਾਈਚਾਰੇ ਦੇ ਲੀਡਰਾਂ ਦੇ ਸੁਣਨ ਅਤੇ ਨਿਰੀਖਣ ਕਰਨ ਦੇ ਹੁਨਰਾਂ ਦਾ **ਵਿਸਥਾਰ ਕਰਨਾ।**
- ਭਾਈਚਾਰੇ ਦੇ ਝਗੜੇ ਦੇ ਹੱਲ ਲਈ ਮਦਦ ਵਿੱਚ ਤਿਆਰ ਕੀਤੀਆਂ ਮੀਟਿੰਗਾਂ ਲਈ ਤਿਆਰੀ ਕਰਨ, ਸੰਚਾਲਨ ਕਰਨ ਅਤੇ ਪੈਰਵਾਈ ਕਰਨ ਲਈ ਭਾਈਚਾਰੇ ਦੇ ਲੀਡਰਾਂ ਨੂੰ ਔਜ਼ਾਰ, ਮਦਦਗਾਰੀ ਨੁਕਤੇ, ਅਤੇ ਸਰੋਤ **ਪ੍ਰਦਾਨ ਕਰਨਾ।**

## CRS ਬਾਰੇ ▼

1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ X ਰਾਹੀਂ ਸਥਾਪਿਤ ਅਤੇ ਮੈਥਿਊ ਸ਼ੈਫਰਡ ਅਤੇ ਜੇਮਸ ਬਰਡ, ਜੂਨੀਅਰ, 2009 ਦੇ ਨਫ਼ਰਤ ਅਪਰਾਧ ਰੋਕਥਾਮ ਐਕਟ ਦੁਆਰਾ ਵਿਸਤਾਰ ਕੀਤਾ ਗਿਆ, CRS ਨਸਲ, ਰੰਗ, ਕੌਮੀ ਮੂਲ, ਲਿੰਗ, ਲਿੰਗਕ ਪਛਾਣ, ਜਿਨਸੀ ਝੁਕਾਅ, ਧਰਮ, ਅਤੇ ਅਪਾਹਜਤਾ ਦੇ ਭਿੰਨਤਾਵਾਂ ਦੇ ਆਧਾਰ 'ਤੇ ਤਣਾਅ ਜਾਂ ਟਕਰਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ "ਅਮਰੀਕਾ ਦੇ ਪੀਸਮੇਕਰ" ਵਜੋਂ ਕੰਮ ਕਰਦਾ ਹੈ। CRS ਸੇਵਾਵਾਂ ਦਾ ਉਦੇਸ਼ ਸਮੱਸਿਆ ਹੱਲ ਕਰਨ, ਵਧੇ ਹੋਏ ਗਿਆਨ, ਅਤੇ ਸੁਧਰੇ ਹੋਏ ਸੰਚਾਰ ਦੀ ਵਰਤੋਂ ਰਾਹੀਂ ਭਵਿੱਖੀ ਟਕਰਾਵਾਂ ਨੂੰ ਸੁਤੰਤਰ ਅਤੇ ਸਹਿਯੋਗੀ ਤੌਰ 'ਤੇ ਰੋਕਣ ਅਤੇ ਹੱਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਯੋਗਤਾ ਨੂੰ ਵਧਾਉਣਾ ਹੈ।

## CRS ਸੇਵਾਵਾਂ ਅਤੇ ਪ੍ਰੋਗਰਾਮ ▼

CRS ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਨੂੰ ਪ੍ਰੋਗਰਾਮਾਂ ਦੀ ਇੱਕ ਲੜੀ ਮੁਹੱਈਆ ਕਰਾਉਂਦਾ ਹੈ ਜੋ ਸਮਝ ਪੈਦਾ ਕਰਦੇ ਹਨ, ਸਹਿਯੋਗ ਨੂੰ ਬਿਹਤਰ ਬਣਾਉਂਦੇ ਹਨ, ਅਤੇ ਭਵਿੱਖ ਦੇ ਟਕਰਾਅ ਨੂੰ ਰੋਕਦੇ ਹਨ। CRS ਦਾ ਸਟਾਫ ਪੇਸ਼ੇਵਰ ਵਿਚੋਲੇ, ਸਹਾਇਕ, ਸਿਖਲਾਈ ਪ੍ਰਦਾਤਾ, ਅਤੇ ਸਲਾਹਕਾਰ ਹਨ ਜਿਹਨਾਂ ਨੂੰ ਮੌਜੂਦਾ ਟਕਰਾਅ ਨੂੰ ਸੁਲਝਾਉਣ ਅਤੇ ਭਵਿੱਖ ਦੇ ਟਕਰਾਵਾਂ ਨੂੰ ਰੋਕਣ ਲਈ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਲਿਆ ਕੇ ਉਹਨਾਂ ਦੀ ਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਨ ਦਾ ਤਜ਼ਰਬਾ ਹੈ।

## ਅਸੀਂ ਕਿੱਥੇ ਕੰਮ ਕਰਦੇ ਹਾਂ ▼

**CRS ਹੈੱਡਕੁਆਰਟਰ**
ਵਾਸ਼ਿੰਗਟਨ, DC

**CRS ਖੇਤਰੀ ਦਫਤਰ**

**ਨਿਊ ਇੰਗਲੈਂਡ**
ਬੋਸਟਨ, MA

**ਉੱਤਰ-ਪੂਰਬ**
ਨਿਊ ਯਾਰਕ, NY

**ਮਿਡ-ਅਟਲਾਂਟਿਕ**
ਫਿਲਾਡੇਲਫੀਆ, PA

**ਦੱਖਣ-ਪੂਰਬ**
ਐਟਲਾਂਟਾ, GA

**ਮਿਡਵੈਸਟ**
ਸ਼ਿਕਾਗੋ, IL

**ਸਾਊਥਵੈਸਟ**
ਡੈਲਾਸ, TX

**ਸੈਂਟਰਲ**
ਕੈਂਸਾਸ ਸਿਟੀ, MO

**ਰਾਕੀ ਮਾਊਨਟੇਨ**
ਡੈਨਵਰ, CO

**ਵੈਸਟਰਨ**
ਲੌਸ ਐਂਜਲਸ, CA

**ਨਾਰਥਵੈਸਟ**
ਸੀਆਟਲ, WA

**CRS ਫੀਲਡ ਦਫਤਰ**

ਮਿਆਮੀ, FL
ਡੀਟ੍ਰੋਇਟ, MI
ਹਊਸਟਨ, TX
ਸੈਨ ਫ੍ਰਾਂਸਿਸਕੋ, CA




## ਸਾਨੂੰ ਲੱਭੋ, ਸਾਡੇ ਨਾਲ ਜੁੜੋ ▼

**www.justice.gov/crs**

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਜਾਂ ਹੋਰ CRS ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ CRS ਨਾਲ ਸੰਪਰਕ ਕਰੋ:
https://www.justice.gov/crs/contact-crs